AQA

# A-level
# PANJABI

## Paper 3 Listening Test Transcript

Friday 13 June 2025 Morning Time allowed: 2 hours 30 minutes

**NOT TO BE OPENED UNTIL AFTER THE EXAMINATION**

Enclosed is a copy of the transcript of the text of the Listening Test. This packet must not be opened until after the examination.

After the examination, the transcript should be kept for future use by teachers.

## Section A

## Listening

*(2 minutes and 29 seconds: tracks 02 – 14)*

**Question 01**

**ਪੰਜਾਬੀ ਵਿਆਹਾਂ ਤੇ ਫੈਸ਼ਨ ਦਾ ਰੁਝਾਨ**

ਇੱਕ ਨੌਜਵਾਨ ਕੁੜੀ ਅਤੇ ਉਸ ਦੀ ਤਾਈ ਜੀ ਵਿਚਕਾਰ ਪੰਜਾਬੀ ਵਿਆਹਾਂ ਤੇ ਫੈਸ਼ਨ ਦੇ ਰੁਝਾਨ ਬਾਰੇ ਪੌਡਕਾਸਟ ਤੇ ਗੱਲਬਾਤ ਸੁਣੋ।

**F1** ਹਾਲ ਹੀ ਦੇ ਸਾਲਾਂ ਵਿੱਚ, ਪੰਜਾਬ ਅਤੇ ਵਿਸ਼ਵ ਪੱਧਰ ਤੇ ਰਸਮੀ ਅਤੇ ਗੈਰ-ਰਸਮੀ ਦੋਵਾਂ ਮਾਹੌਲਾਂ ਵਿੱਚ ਰਵਾਇਤੀ ਪੰਜਾਬੀ ਪਹਿਰਾਵੇ ਪਹਿਣਨ ਵਿੱਚ ਕਾਫ਼ੀ ਵਾਧਾ ਹੋਇਆ ਹੈ।

**F2** ਮੇਰੇ ਦਿਨਾਂ ਵਿੱਚ, ਲਾੜਾ ਹਮੇਸ਼ਾਂ ਪੱਛਮੀ ਕੋਟ ਪੈਂਟ ਪਹਿਨਦਾ ਸੀ। ਅੱਜ-ਕੱਲ੍ਹ, ਤੁਸੀਂ ਵਿਆਹ ਵਾਲੇ ਮੁੰਡੇ ਨੂੰ ਮਾਣ ਨਾਲ ਸ਼ੇਰਵਾਨੀ ਪਹਿਨਦੇ ਦੇਖਦੇ ਹੋ ਅਤੇ ਮੈਨੂੰ ਲਗਦਾ ਹੈ ਕਿ ਇਹ ਵਧੀਆ ਗੱਲ ਹੈ !

**F1** ਅੱਜ-ਕੱਲ੍ਹ, ਵਿਆਹ ਦੇ ਦਿਨ ਤੋਂ ਪਹਿਲਾਂ ਹਰ ਰਸਮ ਲਈ ਇੱਕ ਵੱਖਰੇ ਰੰਗ ਦੀ ਸਕੀਮ ਹੁੰਦੀ ਹੈ। ਜਿਵੇਂ ਕਿ ਚੁੰਨੀ ਦੀ ਰਸਮ ਵਾਲੇ ਦਿਨ ਗੁਲਾਬੀ ਰੰਗ, ਜਾਗੋ ਤੇ ਰੰਗ ਬਰੰਗੇ ਕੱਪੜੇ ਅਤੇ ਹਲਦੀ ਜਾਂ ਮਾਈਏਂ ਵਾਲੇ ਦਿਨ ਪੀਲੇ ਅਤੇ ਸੁਨਿਹਰੀ ਰੰਗ ਦੇ ਦ੍ਰਿਸ਼ ਆਮ ਦੇਖਣ ਨੂੰ ਮਿਲਦੇ ਹਨ।

**F2** ਸੱਚਮੁੱਚ, ਇਹ ਬਹੁਤ ਹੀ ਖੂਬਸੂਰਤ ਨਜ਼ਾਰਾ ਹੁੰਦਾ ਹੈ। ਅਜੋਕੇ ਸਮੇਂ ਵਿੱਚ ਇੱਕ ਬਹੁਤ ਵੱਡੀ ਤਬਦੀਲੀ ਆਈ ਹੈ ਜਿਸ ਕਰਕੇ ਅਸੀਂ ਮੰਨੇ ਪ੍ਰਮੰਨੇ ਡਿਜ਼ਾਈਨਰਾਂ ਦੁਆਰਾ ਡਿਜ਼ਾਈਨ ਕੀਤੀਆਂ ਪੁਸ਼ਾਕਾਂ ਪਾਉਣ ਵੱਲ ਸਾਡਾ ਰੁਝਾਨ ਹੋ ਗਿਆ ਹੈ। ਪੁਰਾਤਨ ਸਮੇਂ ਵਿੱਚ ਅਸੀਂ ਸਾਰਾ ਕੁਝ ਆਪਣੇ ਸਥਾਨਕ ਦਰਜੀ ਨੂੰ ਦੱਸ ਕੇ ਬਣਵਾਉਂਦੇ ਸੀ।

**F1** ਇਹ ਉਦੋਂ ਹੁੰਦਾ ਹੈ ਜਦੋਂ ਰੁਝਾਨ ਵਿਸ਼ਵ ਵਿਆਪੀ ਹੋ ਜਾਂਦੇ ਹਨ – ਵੱਡੇ ਡਿਜ਼ਾਈਨਰ ਤੁਹਾਨੂੰ ਨਵੇਂ ਨਵੇਂ ਫੈਸ਼ਨ ਦੇ ਕੱਪੜੇ ਦਿਖਾਉਂਦੇ ਹਨ ਅਤੇ ਫੈਸ਼ਨ ਦੇ ਰੁਝਾਨਾਂ ਦਾ ਪਿੱਛਾ ਕਰਨ ਵਾਲੇ ਇਸ ਦੀ ਰੀਸ ਕਰਨੀ ਚਾਹੁੰਦੇ ਹਨ। ਪਰ ਅਫ਼ਸੋਸ ਦੀ ਗੱਲ ਹੈ ਕਿ ਰਵਾਇਤੀ ਪਹਿਰਾਵੇ ਵੀ ਕੀਮਤੀ ਹੁੰਦੇ ਹਨ।

**F2** ਹਾਂ ਜੀ, ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ, ਰੰਗਾਂ ਦੀ ਸਕੀਮ ਅਤੇ ਰਵਾਇਤੀ ਪਹਿਰਾਵੇ ਵਾਲੇ ਵਿਆਹ ਹੁਣ ਅਸਲ ਵਿੱਚ ਇੱਕ ਵਿਸ਼ਵ-ਵਿਆਪੀ ਵਰਤਾਰਾ ਬਣ ਗਏ ਹਨ। ਤੁਸੀਂ ਦੁਨੀਆ ਵਿੱਚ ਕਿਤੇ ਵੀ ਚਲੇ ਜਾਓ, ਤੁਹਾਨੂੰ ਇੱਕ ਜੋੜਾ ਮਿਲੇਗਾ ਜੋ ਇਸ ਤਰ੍ਹਾਂ ਦੇ ਵਿਆਹ ਦੀ ਯੋਜਨਾ ਬਣਾ ਰਿਹਾ ਹੈ !

*(3 minutes and 31 seconds: tracks 15 – 34)*

**Question 02**

**ਸਤਿਕਾਰ ਅਤੇ ਸਹਿਣਸ਼ੀਲਤਾ**

ਤੁਸੀਂ ਪੰਜਾਬੀ ਰੇਡੀਓ ਤੇ ਸਤਿਕਾਰ ਅਤੇ ਸਹਿਣਸ਼ੀਲਤਾ ਬਾਰੇ ਇੱਕ ਬਜ਼ੁਰਗ ਨਾਲ ਵਿਚਾਰ ਵਿਟਾਂਦਰਾ ਸੁਣ ਰਹੇ ਹੋ।

**F2** ਮੈਨੂੰ ਸਤਿਕਾਰ ਅਤੇ ਸਹਿਣਸ਼ੀਲਤਾ ਬਾਰੇ ਕੁਝ ਦੱਸੋ।

**M1** ਜੇ ਤੁਸੀਂ ਮੈਨੂੰ ਸਤਿਕਾਰ ਅਤੇ ਸਹਿਣਸ਼ੀਲਤਾ ਉੱਤੇ ਟਿੱਪਣੀ ਕਰਨ ਲਈ ਆਖੋ ਤਾਂ ਮੇਰੇ ਕੋਲ ਇਸ ਪੀੜ੍ਹੀ ਦਰ ਪੀੜ੍ਹੀ ਬਦਲਦੇ ਰੁਝਾਨ ਬਾਰੇ ਕਹਿਣ ਲਈ ਬਹੁਤ ਕੁਝ ਹੈ।

**F2** ਪੁਰਾਣੇ ਅਤੇ ਨਵੇਂ ਜ਼ਮਾਨੇ ਵਿੱਚ ਸਤਿਕਾਰ ਅਤੇ ਸਹਿਣਸ਼ੀਲਤਾ ਵਿੱਚ ਕੀ ਫਰਕ ਆਇਆ ਹੈ?

**M1** ਬਚਪਨ ਤੋਂ ਹੀ ਅਸੀਂ ਜਦੋਂ ਵੀ ਬਜ਼ੁਰਗਾਂ ਨੂੰ ਮਿਲਣਾਂ ਉਨ੍ਹਾਂ ਦੇ ਪੈਰੀਂ ਜਾਂ ਗੋਡੀਂ ਹੱਥ ਲਾਉਂਦੇ ਸੀ। ਮੈਨੂੰ ਇਸ ਰਵਾਇਤ ਦੀ ਘਾਟ ਮਹਿਸੂਸ ਹੁੰਦੀ ਹੈ। ਮੇਰੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਇਹ ਬੇ-ਅਰਥ ਲਗਦਾ ਹੈ ਅਤੇ ਉਹ ਬਜ਼ੁਰਗਾਂ ਦੀਆਂ ਅਸੀਸਾਂ ਲੈਣ ਦੀ ਕੀਮਤ ਨਹੀਂ ਸਮਝਦੇ। ਮੇਰਾ ਵਿਸ਼ਵਾਸ ਹੈ ਕਿ ਹਰ ਪੀੜ੍ਹੀ ਦੀਆਂ ਆਪਣੀਆਂ ਔਕੜਾਂ ਹੁੰਦੀਆਂ ਹਨ; ਕਈ ਵਾਰੀ ਵੱਡੇ-ਵਡੇਰੇ ਨੌਜਵਾਨਾਂ ਦੀਆਂ ਮੁਸੀਬਤਾਂ ਪ੍ਰਤੀ ਇੰਨੇਂ ਸਹਿਣਸ਼ੀਲ ਨਹੀਂ ਹੁੰਦੇ।

ਜਦੋਂ ਮੈਂ ਜਵਾਨ ਸੀ, ਮੈਂ, ਮੇਰੀ ਪਤਨੀ ਤੇ ਬੱਚੇ, ਮੇਰੇ ਮਾਪਿਆਂ ਨਾਲ ਰਹਿੰਦੇ ਸੀ ਅਤੇ ਅਸੀਂ ਅਖੀਰਲੇ ਵੇਲੇ ਤੱਕ ਉਨ੍ਹਾਂ ਦੀ ਦੇਖਭਾਲ ਕੀਤੀ ਪਰ ਮੈਨੂੰ ਆਪਣੇ ਬੱਚਿਆਂ ਤੋਂ ਇਸ ਦੀ ਕੋਈ ਉਮੀਦ ਨਹੀਂ ਹੈ।

**F2** ਵਿਦੇਸ਼ ਵਿੱਚ ਆ ਕੇ ਤੁਹਾਨੂੰ ਕੰਮ ਕਰਨ ਵਿੱਚ ਕਿਹੜੀਆਂ ਮੁਸ਼ਕਲਾਂ ਆਈਆਂ?

**M1** ਮੇਰੀ ਪੀੜ੍ਹੀ ਕੰਮ ਦੀ ਭਾਲ ਅਤੇ ਜੰਗ ਤੋਂ ਬਾਅਦ ਪੁਨਰ ਨਿਰਮਾਣ ਵਿੱਚ ਹਿੱਸਾ ਲੈਣ ਲਈ ਬਰਤਾਨੀਆ ਆਈ ਸੀ। ਅਸੀਂ ਕੰਮਾਂ-ਕਾਰਾਂ ਤੇ ਪੱਗ ਬੰਨ੍ਹਣ ਦੇ ਹੱਕ ਲਈ ਸੰਘਰਸ਼ ਕੀਤਾ, ਨਾ ਕਿ ਸਿਰਫ ਫੌਜ ਵਿੱਚ, ਅਸੀਂ ਬੈਚਲਰ ਅਤੇ ਮਾਸਟਰ ਡਿਗਰੀਆਂ ਦੀ ਮਾਨਤਾ ਲਈ ਵੀ ਲੜੇ। ਕਈ ਵਾਰੀ ਨੌਜਵਾਨ ਇਹ ਭੁੱਲ ਜਾਂਦੇ ਹਨ ਕਿ ਅਸੀਂ ਇੱਕ ਪੜ੍ਹੀ ਲਿਖੀ ਪੀੜ੍ਹੀ ਸੀ। ਮੈਨੂੰ ਅਫਸੋਸ ਹੈ ਕਿ ਜਿਹੜੀਆਂ ਮੁਸ਼ਕਲਾਂ ਵਿੱਚੋਂ ਅਸੀਂ ਲੰਘੇ ਹਾਂ, ਨੌਜਵਾਨ ਉਨ੍ਹਾਂ ਨੂੰ ਸਮਝਣ ਵਿੱਚ ਅਸਫਲ ਹਨ। ਹੋ ਸਕਦਾ ਹੈ ਕਿ ਕੁਝ ਨੌਜਵਾਨ ਜਾਣਦੇ ਹੋਣ ਪਰ ਮੇਰਾ ਪਰਿਵਾਰ ਨਹੀਂ ਜਾਣਦਾ।

ਮੈਨੂੰ ਸਮਝ ਨਹੀਂ ਆਉਂਦੀ ਕਿ ਪਤੀ ਪਤਨੀ ਦੋਵਾਂ ਨੂੰ ਕੰਮ ਕਰਨ ਦੀ ਕੀ ਲੋੜ ਹੈ ਪਰ ਮੇਰੇ ਪੁੱਤਰ ਨੂੰ ਮੇਰੀ ਸੋਚ ਪੁਰਾਣੀ ਲੱਗਦੀ ਹੈ ਅਤੇ ਮੈਨੂੰ ਵੀ ਨਵੇਂ ਜ਼ਮਾਨੇ ਦੀਆਂ ਲੋੜਾਂ ਪ੍ਰਤੀ ਵਧੇਰੇ ਸਹਿਣਸ਼ੀਲ ਹੋਣਾ ਚਾਹੀਦਾ ਹੈ।

**F2** ਤੁਹਾਡੇ ਖਿਆਲ ਵਿੱਚ ਨਵੀਂ ਪੀੜੀ ਵਿੱਚ ਵੱਡਿਆਂ ਲਈ ਇੱਜ਼ਤ-ਮਾਣ ਅਤੇ ਧੀਰਜ ਦੀ ਕਮੀ ਲਈ ਕੌਣ ਜ਼ਿੰਮੇਵਾਰ ਹੈ?

**M1** ਮੈਂ ਮੰਨਦਾ ਹਾਂ ਕਿ ਮੈਂ ਅਕਸਰ ਆਪਣੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੇ ਪੰਜਾਬੀ ਨਾ ਸਮਝਣ ਤੋਂ ਖਿਝ ਜਾਂਦਾ ਹਾਂ। ਮੈਨੂੰ ਸੋਚਣ ਅਤੇ ਸਮਝਣ ਦੀ ਲੋੜ ਹੈ ਕਿ ਮੈਂ ਉਨ੍ਹਾਂ ਵਿੱਚ ਪੰਜਾਬੀ ਪ੍ਰਤੀ ਪਿਆਰ ਜਗਾਉਣ ਲਈ ਕੀ ਯਤਨ ਕੀਤੇ ਹਨ। ਆਖਰਕਾਰ ਇਹ ਉਨ੍ਹਾਂ ਦੀ ਪਹਿਲੀ ਬੋਲੀ ਨਹੀਂ ਹੈ… ਮੇਰੇ ਵਿੱਚ ਸਬਰ ਦੀ ਇੰਨੀਂ ਘਾਟ ਕਿਉਂ ਹੈ?

*(2 minutes and 19 seconds: tracks 35 – 45)*

**Question 03**

**ਟੈਲੀਵਿਜ਼ਨ ਦਾ ਵਿਕਾਸ**

ਤੁਸੀਂ ਪੰਜਾਬੀ ਟੈਲੀਵਿਜ਼ਨ ਦੇ ਵਿਕਾਸ ਬਾਰੇ ਇੱਕ ਪੱਤਰਕਾਰ ਦੇ ਪੌਡਕਾਸਟ ਤੇ ਰਿਪੋਰਟ ਦਾ ਇੱਕ ਹਿੱਸਾ ਸੁਣਦੇ ਹੋ।

ਭਾਰਤ ਇੰਟਰਨੈੱਟ ਦੀ ਵਰਤੋਂ ਲਈ ਦੁਨੀਆ ਵਿੱਚ ਦੂਜੇ ਨੰਬਰ ਤੇ ਹੈ, ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇੰਟਰਨੈੱਟ ਟੀ ਵੀ ਚੈਨਲ ਉਦਯੋਗ ਬਹੁਤ ਵੱਡਾ ਹੈ।

ਇੰਟਰਨੈੱਟ ਟੀ ਵੀ ਦਰਸ਼ਕਾਂ ਕੋਲ ਹੁਣ ਚੁਣਨ ਲਈ ਚੈਨਲਾਂ ਦੀ ਪਹਿਲਾਂ ਨਾਲੋਂ ਵੱਧ ਗਿਣਤੀ ਹੈ।

ਇੰਟਰਨੈੱਟ ਟੀ ਵੀ ਚੈਨਲ ਕਰੋੜਾਂ ਦਰਸ਼ਕਾਂ ਨੂੰ ਜਾਣਕਾਰੀ ਅਤੇ ਮਨੋਰੰਜਨ ਸਮੱਗਰੀ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਦੇ ਪੰਜਾਬੀ ਮਨੋਰੰਜਨ ਐਪਸ ਵੀ ਬਹੁਤ ਮਸ਼ਹੂਰ ਹਨ।

ਇੰਟਰਨੈੱਟ ਚੈਨਲ ਦਰਸ਼ਕਾਂ ਲਈ ਆਪਣੇ ਸਮੇਂ ਅਨੁਸਾਰ ਆਪਣੇ ਮਨਪਸੰਦ ਟੀ ਵੀ ਪਰੋਗ੍ਰਾਮਾਂ ਨੂੰ ਦੇਖਣ ਦਾ ਤਰੀਕਾ ਪੇਸ਼ ਕਰਦੇ ਹਨ। ਇਹ ਰਵਾਇਤੀ ਟੈਲੀਵਿਜ਼ਨ ਚੈਨਲਾਂ ਦੇ ਮੁਕਾਬਲੇ ਇੰਟਰਨੈੱਟ ਚੈਨਲਾਂ ਨੂੰ ਨੌਜਵਾਨ ਦਰਸ਼ਕਾਂ ਵਿੱਚ ਵਧੇਰੇ ਪ੍ਰਚਲਿਤ ਕਰਦਾ ਹੈ।

ਦਰਸ਼ਕ ਸ਼੍ਰੀ ਹਰਿਮੰਦਰ ਸਾਹਿਬ ਤੋਂ ਸਿੱਧਾ ਪ੍ਰਸਾਰਨ ਦੇਖ ਸਕਦੇ ਹਨ, ਨੈਟਫਲਿਕਸ ਤੇ ਅਲੱਗ ਅਲੱਗ ਤਰ੍ਹਾਂ ਦੇ ਲੜੀਵਾਰ ਪ੍ਰੋਗਰਾਮ ਦੇਖ ਸਕਦੇ ਹਨ ਅਤੇ ਯੂਟਿਯੂਬ ਤੇ ਵੀਡੀਓ ਦੀ ਖੋਜ ਕਰ ਸਕਦੇ ਹਨ।

ਜਲੰਧਰ ਪੰਜਾਬ ਦਾ ਮੀਡੀਆ ਹੱਬ ਹੈ ਕਿਉਂਕਿ ਉੱਥੋਂ ਚਾਰ ਮੁੱਖ ਡਿਜੀਟਲ ਚੈਨਲ ਆਉਂਦੇ ਹਨ : ਪੰਜ-ਆਬ ਟੀ ਵੀ, ਪ੍ਰਾਈਮ ਏਸ਼ੀਆ, ਜ਼ੀ ਪੰਜਾਬੀ ਅਤੇ ਪੀ ਟੀ ਸੀ ਪੰਜਾਬੀ। ਪਰ ਇਹ ਸੈਂਕੜੇ ਪੰਜਾਬੀ ਚੈਨਲਾਂ ਵਿੱਚੋਂ ਚਾਰ ਹਨ ਜੋ ਵਿਸ਼ਵ ਭਰ ਦੇ ਪੰਜਾਬੀ ਭਾਈਚਾਰੇ ਦੀ ਸੇਵਾ ਕਰਦੇ ਹਨ।

ਇੰਟਰਨੈੱਟ ਟੀ ਵੀ ਨੇ ਨਵੇਂ ਕਲਾਕਾਰਾਂ ਦੀ ਇੱਕ ਪੀੜ੍ਹੀ ਨੂੰ ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਕਰਨ ਦੀ ਪਛਾਣ ਦਿੱਤੀ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਨੇ ਪੰਜਾਬੀ ਲੋਕਾਂ ਨੂੰ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਰਹਿੰਦੇ ਹੋਣ, ਉਨ੍ਹਾਂ ਨੂੰ ਆਪਣੇ ਵਿਰਸੇ, ਭਾਸ਼ਾ ਅਤੇ ਸਭਿਆਚਾਰ ਨਾਲ ਜੋੜਿਆ ਹੀ ਨਹੀਂ ਸਗੋਂ ਜਾਗਰੂਕ ਵੀ ਕੀਤਾ ਹੈ।

*(1 minute and 29 seconds: tracks 46 –54)*

**Question 04**

**ਨੌਜਵਾਨ ਅਤੇ ਰਾਜਨੀਤੀ**

ਤੁਸੀਂ ਨੌਜਵਾਨ ਪੰਜਾਬੀ ਲੋਕਾਂ ਦੇ ਰਾਜਨੀਤੀ ਵਿੱਚ ਦਾਖਲ ਹੋਣ ਬਾਰੇ ਯੂਟਿਯੂਬ ਦੀ ਇੱਕ ਛੋਟੀ ਜਿਹੀ ਰੀਲ ਸੁਣਦੇ ਹੋ।

ਕਿਸੇ ਵੀ ਦੇਸ਼ ਦੀ ਮਹਾਨ ਪੂੰਜੀ ਉਥੋਂ ਦੀ ਨੌਜਵਾਨ ਪੀੜ੍ਹੀ ਹੁੰਦੀ ਹੈ ਅਤੇ ਉਹ ਦੇਸ਼ ਦਾ ਭਵਿੱਖ ਹੁੰਦੇ ਹਨ। ਨੌਜਵਾਨਾਂ ਦਾ ਰਾਜਨੀਤਿਕ ਯੋਗਦਾਨ ਕਿਸੇ ਵੀ ਦੇਸ਼ ਨੂੰ ਮਜ਼ਬੂਤ ਜਾਂ ਕਮਜ਼ੋਰ ਬਣਾਉਂਦਾ ਹੈ ਕਿਉਂਕਿ ਨੌਜਵਾਨ ਸਾਰੇ ਮਸਲਿਆਂ ਬਾਰੇ ਜਾਣਦੇ ਹਨ, ਜਿਹੜੇ ਉਨ੍ਹਾਂ ਨੂੰ ਪ੍ਰਭਾਵਿਤ ਕਰਦੇ ਹਨ। ਨੌਜਵਾਨ ਹਰ ਦੇਸ਼ ਦੀ ਨੀਂਹ ਅਤੇ ਸਰਮਾਇਆ ਹੁੰਦੇ ਹਨ।

ਪਿੱਛੇ ਜਿਹੇ ਹੋਏ ਕਿਸਾਨ ਮੋਰਚੇ ਨੇ ਪੰਜਾਬੀ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਦਿਲਚਸਪੀ ਲੈਣ ਲਈ ਮਜ਼ਬੂਰ ਕੀਤਾ ਹੈ ਕਿਉਂਕਿ ਕਿਸਾਨਾਂ ਦੀ ਰੋਜ਼ੀ-ਰੋਟੀ ਸਿੱਧੇ ਤੌਰ ਤੇ ਪ੍ਰਭਾਵਿਤ ਹੋਈ ਹੈ।

ਨੌਜਵਾਨ ਰਾਜਨੀਤੀ ਵਿੱਚ ਇਸ ਉਮੀਦ ਨਾਲ ਸ਼ਾਮਲ ਹੁੰਦੇ ਹਨ ਕਿ ਉਹ ਦੂਜਿਆਂ ਦਾ ਚੰਗਾ ਕਰ ਸਕਣ। ਪਰ ਉਹ ਜਲਦੀ ਹੀ ਨਿਰਾਸ਼ ਹੋ ਜਾਂਦੇ ਹਨ ਕਿਉਂਕਿ ਰਾਜਨੀਤਕ ਪ੍ਰਣਾਲੀ ਨੂੰ ਬਦਲਣਾ ਔਖਾ ਹੈ ਅਤੇ ਉਨ੍ਹਾਂ ਦੀ ਕੋਈ ਵੀ ਉਮੀਦ ਪੂਰੀ ਨਹੀਂ ਹੁੰਦੀ।

ਪੰਜਾਬ ਤੋਂ ਬਾਹਰ ਬਰਤਾਨੀਆ ਵਿੱਚ ਪਹਿਲੇ ਦਸਤਾਰਧਾਰੀ ਪੁਰਸ਼ ਦੀ ਸੰਸਦ ਵਿੱਚ ਚੋਣ ਹੋਈ ਹੈ ਅਤੇ ਕੁਝ ਪੰਜਾਬੀ ਇਸਤਰੀਆਂ ਵੀ ਸੰਸਦ ਦੀਆਂ ਮੈਂਬਰ ਬਣੀਆਂ ਹਨ।

ਕਨੇਡਾ ਦੀਆਂ ਰਾਜਨੀਤਕ ਪਾਰਟੀਆਂ ਵਿੱਚ ਕਈ ਪੰਜਾਬੀ ਨੌਜਵਾਨ ਹਨ, ਜੋ ਸੰਸਦ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਬੋਲ ਸਕਦੇ ਹਨ।

**END OF SECTION A**

**Turn over for Section C**

## Section C

### Multi-skill task

*(3 minutes and 11 seconds: tracks 55 – 70)*

**Question 06**

**ਪੰਜਾਬ ਦੀਆਂ ਰਾਜਨੀਤਕ ਪਾਰਟੀਆਂ**

ਤੁਸੀਂ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦੇ ਇਤਿਹਾਸ ਅਤੇ ਪੰਜਾਬ ਦੀ ਰਾਜਨੀਤੀ ਤੇ ਉਨ੍ਹਾਂ ਦੇ ਪ੍ਰਭਾਵ ਬਾਰੇ ਰੇਡੀਓ ਤੇ ਗੱਲਬਾਤ ਦਾ ਹਿੱਸਾ ਸੁਣਦੇ ਹੋ।

**F1** ਅਜ਼ਾਦੀ ਤੋਂ ਪਹਿਲਾਂ ਰਾਜਨੀਤਕ ਪਾਰਟੀਆਂ ਦੀ ਭੂਮਿਕਾ ਬਾਰੇ ਸਾਨੂੰ ਕੁਝ ਦੱਸੋ।

**M1** ਅਜ਼ਾਦੀ ਤੋਂ ਪਹਿਲਾਂ ਵੀਹਵੀਂ ਸਦੀ ਦੇ ਆਰੰਭ ਵਿੱਚ 1913 ਵਿੱਚ ਸਥਾਪਿਤ ਹੋਈ ਗਦਰ ਪਾਰਟੀ ਨੇ ਬ੍ਰਿਟਿਸ਼ ਸ਼ਾਸਨ ਤੋਂ ਭਾਰਤ ਦੀ ਅਜ਼ਾਦੀ ਪ੍ਰਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਅਕਾਲੀ ਦਲ ਸਿੱਖ ਹਿਤਾਂ ਦੇ ਪ੍ਰਤੀਨਿਧ ਵਜੋਂ ਉੱਭਰ ਕੇ ਸਾਹਮਣੇ ਆਇਆ ਜੋ ਕਿ ਸਿੱਖ ਕੇਂਦਰਿਤ ਲਹਿਰਾਂ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ।

**F1** ਕਿਹੜੀਆਂ ਦੋ ਪਾਰਟੀਆਂ ਸਨ ਜਿਨ੍ਹਾਂ ਨੇ ਅਜ਼ਾਦੀ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਮੁੱਖ ਭੂਮਿਕਾ ਨਿਭਾਈ?

**M1** ਅਜ਼ਾਦੀ ਤੋਂ ਬਾਅਦ 1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ ਅਕਾਲੀ ਦਲ ਪੰਜਾਬ ਵਿੱਚ ਇੱਕ ਮਹੱਤਵਪੂਰਨ ਤਾਕਤ ਬਣਿਆ ਰਿਹਾ ਜਿਸ ਨੇ ਸਿੱਖ ਹੱਕਾਂ ਅਤੇ ਹਿਤਾਂ ਦੀ ਵਕਾਲਤ ਕੀਤੀ। ਕਾਂਗਰਸ ਪਾਰਟੀ ਨੇ ਵੀ ਪੰਜਾਬ ਦੀ ਰਾਜਨੀਤੀ ਵਿੱਚ ਪ੍ਰਸਿੱਧਤਾ ਹਾਸਲ ਕੀਤੀ।

**F1** 1970 ਤੋਂ 1980 ਦੇ ਦਹਾਕੇ ਵਿੱਚ ਪੰਜਾਬ ਨੂੰ ਇੱਕ ਵੱਖਰਾ ਰਾਜ ਬਣਾਉਣ ਦੀ ਮੰਗ ਜ਼ੋਰ ਫੜ ਗਈ ਸੀ, ਅਜਿਹੇ ਸਮੇਂ ਵਿੱਚ ਰਾਜਨੀਤਕ ਪਾਰਟੀਆਂ ਦੀ ਕਿਹੋ ਜਿਹੀ ਭੂਮਿਕਾ ਰਹੀ ਸੀ?

**M1** ਉਸ ਦਹਾਕੇ ਵਿੱਚ ਪੰਜਾਬ ਨੇ ਵੱਖਰੇ ਰਾਜ ਦੀ ਮੰਗ ਕਰਨ ਵਾਲੀ ਖਾਲਿਸਤਾਨ ਲਹਿਰ ਦੇ ਉਭਾਰ ਨੂੰ ਦੇਖਿਆ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਇਸ ਗੜਬੜ ਵਾਲੇ ਸਮੇਂ ਦੌਰਾਨ ਅਹਿਮ ਭੂਮਿਕਾਵਾਂ ਨਿਭਾਈਆਂ ਪ੍ਰੰਤੂ 1980 ਦੇ ਦਹਾਕੇ ਦੇ ਅਖੀਰ ਵਿੱਚ ਇਸ ਅੰਦੋਲਨ ਵਿੱਚ ਗਿਰਾਵਟ ਆ ਗਈ।

**F1** ਖਾਲਿਸਤਾਨ ਦੀ ਲਹਿਰ ਤੋਂ ਬਾਅਦ ਰਾਜਨੀਤਕ ਪਾਰਟੀਆਂ ਦੀ ਸਥਿਤੀ ਕਿਹੋ ਜਿਹੀ ਸੀ?

**M1** 1980 ਦੇ ਦਹਾਕੇ ਤੋਂ ਬਾਅਦ ਖਾਲਿਸਤਾਨ ਦੀ ਲਹਿਰ ਦੇ ਪਤਨ ਨੇ ਰਾਜਨੀਤਕ ਸਥਿਰਤਾ ਦੇ ਮਾਹੌਲ ਲਈ ਰਾਹ ਪੱਧਰਾ ਕੀਤਾ। ਅਕਾਲੀ ਦਲ ਅਤੇ ਕਾਂਗਰਸ ਦਾ ਪ੍ਰਭਾਵ ਬਣਿਆ ਰਿਹਾ ਪਰ ਖੇਤਰੀ ਪਾਰਟੀਆਂ ਦੀ ਪ੍ਰਸਿੱਧੀ ਵਿੱਚ ਵਾਧਾ ਹੋਣ ਲੱਗਾ।

**F1** ਕੀ 21ਵੀਂ ਸਦੀ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਕੋਈ ਨਵੀਂ ਤਬਦੀਲੀ ਆਈ ਹੈ ਉਸ ਬਾਰੇ ਸਾਨੂੰ ਕੁਝ ਦੱਸੋ ?

**M1** 21ਵੀਂ ਸਦੀ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਮਹੱਤਵਪੂਰਨ ਪਾਰਟੀ ਵਜੋਂ ਉੱਭਰ ਕੇ ਸਾਹਮਣੇ ਆਈ। ਇਸ ਪਾਰਟੀ ਨੇ ਆਪਣੇ ਭ੍ਰਿਸ਼ਟਾਚਾਰ ਵਿਰੋਧੀ ਏਜੰਡੇ ਨਾਲ ਅਕਾਲੀ ਦਲ ਅਤੇ ਕਾਂਗਰਸ ਦੇ ਰਵਾਇਤੀ ਦਬਦਬੇ ਨੂੰ ਚੁਨੌਤੀ ਦੇ ਕੇ ਇੱਕ ਮਹੱਤਵਪੂਰਨ ਮੌਜੂਦਗੀ ਹਾਸਲ ਕੀਤੀ।

**END OF RECORDING**

**There is no text printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2025 AQA and its licensors. All rights reserved.